# 2

## ਸਵਾਲ:

# ''ਨਬੀਆਂ ਨੇ ਕਲੀਸੀਆ ਬਾਰੇ ਕੀ ਕਿਹਾ?''

## ਜਵਾਬ:

ਜਿੱਥੋਂ ਤਕ ਸਾਨੂੰ ਪਤਾ ਹੈ ਪੁਰਾਣੇ ਨੇਮ ਦੇ ਕਿਸੇ ਵੀ ਨਬੀ ਨੇ ਕਦੇ ''ਕਲੀਸੀਆ'' ਸ਼ਬਦ ਦੀ ਵਰਤੋਂ ਨਹੀਂ ਕੀਤੀ।[1] ਨਾ ਹੀ ਯੂਹੰਨਾ ਡੁਬਕੀ ਦੇਣ ਵਾਲੇ ਨੇ, ਪਰ ਯੂਹੰਨਾ ਅਤੇ ਨਬੀਆਂ ਨੇ ਕਲੀਸੀਆ ਦੀ ਗੱਲ ਜ਼ਰੂਰ ਕੀਤੀ। ਪੁਰਾਣੇ ਨੇਮ ਅਤੇ ਯੂਹੰਨਾ ਦੀਆਂ ਜ਼ਿਆਦਾਤਰ ਨਬੂਵਤਾਂ ਨਵੇਂ ਨੇਮ ਦੀ ਕਲੀਸੀਆ ਤੇ ਹੀ ਮੁੱਕਦੀਆਂ ਸਨ। ਇਸ ਨੂੰ ਕਬੂਲ ਕਰਨ ਲਈ ਤਿਆਰ ਲੋਕਾਂ ਵਾਸਤੇ ਨਵੇਂ ਨੇਮ ਦੀ ਕਲੀਸੀਆ ''ਸੁਧਾਰੇ ਜਾਣ'' ਦਾ ਉਹੀ ਸਮਾਂ ਹੈ ''ਜਿਨ੍ਹਾਂ ਦੇ ਵਿਖੇ ਪਰਮੇਸ਼ੁਰ ਨੇ ਆਪਣੇ ਪਵਿੱਤਰ ਨਬੀਆਂ ਦੀ ਜ਼ੁਬਾਨੀ ਮੁੱਢੋਂ ਹੀ ਆਖਿਆ ਸੀ'' (ਰਸੂਲਾਂ ਦੇ ਕੰਮ 3:21)।

ਰਸੂਲਾਂ ਦੇ ਕੰਮ 3 ਅਧਿਆਇ ਵਿਚ ਪਤਰਸ ਨੇ ਜਿਸ ਨੂੰ ''ਸੁਧਾਰ'' ਆਖਿਆ ਇਹ ਬਾਬੁਲ ਦੀ ਗ਼ੁਲਾਮੀ ਦੇ ਬਾਅਦ ਯਹੂਦੀਆਂ ਦੇ ਆਪਣੇ ਦੇਸ਼ ਵਾਪਸ ਚਲੇ ਜਾਣ ਵਾਲੀ ਬਹਾਲੀ ਨਹੀਂ ਸੀ। ਇਹ ਸੁਧਾਰ ਗ਼ੁਲਾਮੀ ਦੇ ਸੱਤਰ ਸਾਲਾਂ ਬਾਅਦ ਹੋਣਾ ਸੀ (ਯਿਰਮਿਯਾਹ 25:11), ਅਤੇ 606–536 ਈ. ਪੂ. ਵਿਚ ਅਜਿਹਾ ਹੀ ਹੋਇਆ ਸੀ (ਵੇਖੋ ਅਜ਼ਰਾ 1; 2)।

ਇਸ ਤੋਂ ਇਲਾਵਾ ਪਤਰਸ ਇਹ ਨਹੀਂ ਆਖ ਰਿਹਾ ਸੀ ਕਿ ਕਲੀਸੀਆ ਸੁਧਾਰ ਦੇ ਸਮੇਂ ਤਕ ਰਹੇਗੀ। ਕਲੀਸੀਆ (ਭਾਵ ਉਸ ਦਾ ਰਾਜ) ਪਿਤਾ ਨੂੰ ਸੌਂਪੇ ਜਾਣ ਤੇ (1 ਕੁਰਿੰਥੀਆਂ 15:24) ਤਕ ਕਿਸੇ ਤਰ੍ਹਾਂ ਦਾ ਸੁਧਾਰ ਜਾਂ ਬਹਾਲੀ ਨਹੀਂ ਹੋਵੇਗੀ। ਇਸ ਦੇ ਉਲਟ ਅਕਾਸ਼ ਅਤੇ ਧਰਤੀ ਸੜ ਕੇ ਜਾਂਦੇ ਰਹਿਣਗੇ (2 ਪਤਰਸ 3:10, 11; ਪ੍ਰਕਾਸ਼ ਦੀ ਪੋਥੀ 21:1), ਨਾ ਕਿ ਉਨ੍ਹਾਂ ਵਿਚ ਕੋਈ ਸੁਧਾਰ ਹੋਵੇਗਾ ਅਤੇ ਸਭ ਕੁਝ ''ਨਵਾਂ'' ਹੋ ਜਾਵੇਗਾ (ਪ੍ਰਕਾਸ਼ ਦੀ ਪੋਥੀ 21:5)।

ਨਹੀਂ, ਸੁਧਾਰ ਦੇ ਸਮੇਂ ਤਕ ਪੂਰਾ ਹੋਣਾ ਭਾਵ ਤੀਹ ਈਸਵੀ ਤੋਂ ਲੈ ਕੇ ਦੁਨੀਆਂ ਦੇ ਅਖ਼ੀਰ ਤਕ ਕਲੀਸੀਆ ਰਹੇਗੀ। ਸੁਧਾਰ ਤਾਂ ਕਲੀਸੀਆ ਦੇ ਕਾਇਮ ਹੋਣ ਦੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਹੁਣ ਵੀ ਜਾਰੀ ਹੈ ਅਤੇ ਯਿਸੂ ਦੇ ਆਉਣ ਤਕ ਚੱਲਦਾ ਰਹੇਗਾ। ਯੂਹੰਨਾ ਦਾ ਕੰਮ ਸੁਧਾਰ ਕਰਨਾ ਨਹੀਂ ਸੀ। ਏਲੀਯਾਹ ਦੀ ਆਤਮਾ ਵਿਚ ਉਸ ਨੇ ''ਪਿਓਵਾਂ ਦੇ ਦਿਲਾਂ ਨੂੰ ਬਾਲਕਾਂ ਦੀ ਵੱਲ ਮੋੜ ਕੇ'' ਅਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਧਰਮ ਵੱਲ ਮੋੜ ਕੇ ਸਭ ਗੱਲਾਂ ਦਾ ਸੁਧਾਰ ਕੀਤਾ (ਮੱਤੀ 17:11–13; ਲੂਕਾ 1:17)। ਇਸੇ ਤਰ੍ਹਾਂ ਆਪਣੀ ਕਲੀਸੀਆ ਦੇ ਰਾਹੀਂ ਯਿਸੂ ਦਾ ਕੰਮ ਲੋਕਾਂ ਨੂੰ ਹਨੇਰੇ ਤੋਂ ਚਾਨਣ ਵੱਲ ਅਤੇ ਸ਼ੈਤਾਨ ਦੇ ਰਾਜ ਤੋਂ ਖ਼ੁਦਾ ਵੱਲ ਮੋੜ ਕੇ ਸੁਧਾਰ ਕਰਨਾ ਹੈ (ਰਸੂਲਾਂ ਦੇ ਕੰਮ 26:18)। ਰਸੂਲਾਂ ਦੇ ਕੰਮ 3:21 ਵਿਚ ਪਤਰਸ ਨੇ ਜਿਸ ਨੂੰ ''ਸੁਧਾਰ ਦਾ ਸਮਾਂ'' ਕਿਹਾ ਉਹ ਕਿਸੇ ਵੀ ਤਰ੍ਹਾਂ ਦੁਨਿਆਵੀ ਨਹੀਂ ਬਲਕਿ ਰੂਹਾਨੀ ਸੁਧਾਰ ਹੈ। ਇਹ ਸੁਧਾਰ ਇੰਜੀਲ ਸੁਣਾਉਣ (ਰੋਮੀਆਂ 1:16) ਨਾਲ ਸੱਦੇ ਹੋਏ ਲੋਕਾਂ ਦੇ ''ਕਲੀਸੀਆ'' ਦੇ ਰੂਪ ਵਿਚ ਜਮਾਤ ਬਣ ਜਾਣ ਨਾਲ ਹੁੰਦਾ ਹੈ। ''ਸੁਧਾਰ

ਦੇ ਸਮੇਂ'' ਦੇ ਪੂਰਾ ਹੋਣ ਤਕ ਯਿਸੂ ਸੁਰਗ ਵਿਚ ਰਹੇਗਾ। ਸਚਮੁਚ ''ਸਾਰਿਆਂ ਨਬੀਆਂ ਨੇ ਸਮੂਏਲ ਤੋਂ ਅਤੇ ਉਨ੍ਹਾਂ ਤੋਂ ਜਿਹੜੇ ਉਹ ਦੇ ਮਗਰੋਂ ਹੋਏ, ਜਿੰਨਿਆਂ ਨੇ ਵਚਨ ਕੀਤਾ, ਉਨ੍ਹਾਂ ਨੇ ਵੀ ਇਨ੍ਹਾਂ ਹੀ ਦਿਨਾਂ ਦੀ ਖਬਰ ਦਿੱਤੀ'' (ਰਸੂਲਾਂ ਦੇ ਕੰਮ 3:24)। 30 ਈਸਵੀ ਵਿਚ ਪਤਰਸ ਦੇ ਸੰਦੇਸ਼ ਵਿਚ ''ਇਨ੍ਹਾਂ ਹੀ ਦਿਨਾਂ'' ਯਕੀਨਨ ਹੀ ਮਸੀਹ ਦੇ ਦੁਬਾਰਾ ਆਉਣ ਦੇ ਬਾਅਦ ਦੇ ਸਮੇਂ ਨੂੰ ਨਹੀਂ ਕਿਹਾ ਗਿਆ ਸੀ, ਕਿਉਂਕਿ ਉਦੋਂ ਤਾਂ ਕੋਈ ਦਿਨ ਹੋਵੇਗਾ ਹੀ ਨਹੀਂ।

30 ਈਸਵੀ ਵਿਚ ਪਤਰਸ ਵੱਲੋਂ ਦਿੱਤੀ ਗਈ ਚੰਗੀ ਖ਼ਬਰ ਇਹ ਸੀ ਕਿ ਸਭ ਮਸੀਹੀ ਲੋਕ ''ਉਸ ਨੇਮ ਦੇ ਪੁੱਤਰ ਹੋਣ ਜਿਹਨੂੰ ਪਰਮੇਸ਼ੁਰ ਨੇ ਤੁਹਾਡੇ ਪਿਓ ਦਾਦਿਆਂ ਨਾਲ ਕੀਤਾ ਸੀ।'' ਅਬਰਾਹਾਮ ਨੂੰ ਖ਼ੁਦਾ ਦਾ ਇਹ ਵਾਅਦਾ ਸੀ ਕਿ ਉਹਦੀ ਸੰਤਾਨ ਦੇ ਰਾਹੀਂ ਧਰਤੀ ਦੇ ਸਭ ਘਰਾਣੇ ਬਰਕਤ ਪਾਉਣਗੇ। (ਰਸੂਲਾਂ ਦੇ ਕੰਮ 3:25)। ਅਟੱਲ ਵਚਨ ਵਿਚ ਮਜ਼ਬੂਤ ਕਰਨ ਵਾਲਾ ਅਨੁਭਵ ਹੈ। ਨਬੂਵਤ ਦੀਆਂ ਉਨ੍ਹਾਂ ਗੱਲਾਂ ਤੇ ਧਿਆਨ ਕਰਨ ਨਾਲ ਵਿਸ਼ਵਾਸ ਮਜ਼ਬੂਤ ਹੁੰਦਾ ਹੈ ਜਿਸ ਦੀ ਬੁਨਿਆਦ ਉੱਤੇ ਪਤਰਸ ਨੇ ਪ੍ਰਚਾਰ ਕੀਤਾ ਸੀ।

## ਉਤਪਤ ਦੀ ਕਿਤਾਬ ਵਿਚ ਨਬੂਵਤਾਂ

### ਇੰਜੀਲ ਦਾ ਪਹਿਲਾ ਐਲਾਨ

ਪ੍ਰੋਟੇਵੈਂਜਲਿਉਮ ਭਾਵ ਇੰਜੀਲ ਦਾ ਪਹਿਲਾ ਐਲਾਨ ਬਾਗ–ਏ ਅਦਨ ਵਿਚ ਹੀ ਕੀਤਾ ਗਿਆ ਸੀ। ਉਤਪਤ 3:15 ਵਿਚ ਖ਼ੁਦਾ ਨੇ ਆਖਿਆ ਸੀ ਕਿ ਔਰਤ ਦੀ ਸੰਤਾਨ ਭਾਵ ਮਸੀਹ (ਮੱਤੀ 12:29) ਅਤੇ ਮਸੀਹੀ ਲੋਕ (ਰੋਮੀਆਂ 16:20) ਇਬਲੀਸ ਦੀ ਸੰਤਾਨ ਭਾਵ ਸ਼ੈਤਾਨ ਉੱਤੇ ਜਿੱਤ ਪਾਉਣਗੇ (ਇਬਰਾਨੀਆਂ 2:14; 1 ਯੂਹੰਨਾ 3:8)। ਉਤਪਤ 3:15 ਵਿਚ ਜ਼ਾਹਿਰ ਕੀਤੀ ਗਈ ਉਮੀਦ ਨੇ ਸਦੀਆਂ ਤੋਂ ਬਹੁਤ ਸਾਰੇ ਲੋਕਾਂ ਨੂੰ ਹਿੰਮਤ ਦਿੱਤੀ ਹੈ।

### ਅਬਰਾਹਾਮ ਨਾਲ ਵਾਅਦੇ

ਔਰਤ ਦੀ ਰੂਹਾਨੀ ਸੰਤਾਨ (ਕਇਨ ਤੋਂ ਨਹੀਂ ਬਲਕਿ ਸੇਥ ਤੋਂ) ਵਿਚ ਖ਼ੁਦਾ ਨੇ ਅਬਰਾਹਾਮ ਵਿਚ ਆਪਣੀ ਸਨਾਤਨ ਮੰਸ਼ਾ ਨੂੰ ਵਧਾਉਣਾ ਹੀ ਸਹੀ ਸਮਝਿਆ (ਉਤਪਤ 12:1–3)। ਅਬਰਾਹਾਮ ਸੱਚੇ ਖ਼ੁਦਾ ਦਾ ਵਿਸ਼ਵਾਸੀ ਕਿਵੇਂ ਬਣ ਗਿਆ, ਇਸ ਬਾਰੇ ਵਿਸਤਾਰ ਨਾਲ ਨਹੀਂ ਦੱਸਿਆ ਗਿਆ। ਉਸ ਦਾ ਪਿਤਾ (ਤਾਰਹ) ਬੁੱਤਪ੍ਰਸਤ ਸੀ (ਯਹੋਸ਼ੁਆ 24:2) ਪਰ ਉਸਦਾ ਇਕ ਪੁਰਖਾ ਸ਼ੇਮ ਸੱਚੇ ਖ਼ੁਦਾ ਦੀ ਬੰਦਗੀ ਕਰਦਾ ਸੀ (ਉਤਪਤ 9:26)। ਅਬਰਾਹਾਮ ਦੇ ਮੁੱਢਲੇ 150 ਸਾਲਾਂ ਤਕ ਸ਼ੇਮ ਜ਼ਿੰਦਾ ਸੀ, ਜਿਸ ਕਰਕੇ ਉਸ ਨੇ ਜ਼ਰੂਰ ਨਿੱਜੀ ਤੌਰ ਤੇ ਅਬਰਾਹਾਮ ਦੇ ਮਨ ਵਿਚ ਵਿਸ਼ਵਾਸ ਪਾਇਆ ਹੋਵੇਗਾ। ਹਰ ਹਾਲ ਵਿਚ ਖ਼ੁਦਾ ਲਈ ਅਬਰਾਹਾਮ ਦਾ ਸਮਰਪਣ ਐਨਾ ਵੱਧ ਸੀ ਕਿ ਖ਼ੁਦਾ ਨੇ ਉਸ ਨੂੰ ਵਾਅਦਿਆਂ ਦਾ ਜ਼ਰੀਆ ਬਣਾ ਦਿੱਤਾ ਜਿਹੜੇ ਸੁਰਗ ਵਿਚ ਹੀ ਪੂਰੇ ਹੋਣਗੇ (ਮੱਤੀ 8:11)। ਅਬਰਾਹਾਮ ਦੀ ਅੰਸ਼ ਦੇ ਰਾਹੀਂ (ਉਤਪਤ 22:18) ਜੋ ਕਿ ਮਸੀਹ ਹੀ ਹੋਣਾ ਸੀ, ਤਕਰੀਬਨ ਅਠਾਰਾਂ ਸਦੀਆਂ ਬਾਅਦ (ਗਲਾਤੀਆਂ 3:16) ਧਰਤੀ ਤੇ ਸਾਰੇ ਘਰਾਣਿਆਂ ਨੂੰ ਬਰਕਤ ਮਿਲਣੀ ਸੀ (ਉਤਪਤ 12:3)। ਅੱਜ ਯਹੂਦੀ ਹੋਣ ਜਾਂ ਗੈਰਕੌਮ, ਜੇ ਉਹ ਮਸੀਹ ਵਿਚ ਹਨ ਤਾਂ ਰੂਹਾਨੀ ਤੌਰ ਤੇ ਦੋਵੇਂ ਵਾਅਦੇ ਦੇ ਮੁਤਾਬਿਕ ਅਬਰਾਹਾਮ ਦੀ ਸੰਤਾਨ ਅਤੇ ਵਾਰਿਸ ਹਨ (ਗਲਾਤੀਆਂ 3:29)।

### ਯਹੂਦਾ ਨਾਲ ਵਾਅਦਾ

ਸੁਰਗ ਦੀਆਂ ਯੋਜਨਾਵਾਂ ਨਾਲ ਮੇਲ ਖਾਂਦੀ ਇਹ ਨਬੂਵਤ ਕੀਤੀ ਗਈ ਸੀ ਕਿ ਅਬਰਾਹਾਮ

ਦਾ ਇਕ ਪੜਪੋਤਾ, ਭਾਵ ਯਹੂਦਾ ਮਸੀਹ ਦਾ ਪੁਰਖਾ ਬਣੇਗਾ। ਨਬੂਵਤ ਵਿਚ ਮਸੀਹ ਨੂੰ ਸ਼ੀਲੋਹ (''ਸ਼ਾਂਤੀ ਦਾਤਾ'') ਅਤੇ ਰਾਜਾ (ਰਾਜ ਭਾਰ ਚੁੱਕਣ ਵਾਲਾ ਅਤੇ ਕਾਨੂੰਨ ਦੇਣ ਵਾਲਾ) ਦੱਸਿਆ ਗਿਆ ਸੀ: ''ਯਹੂਦਾ ਤੋਂ ਰਾਜ ਡੰਡਾ ਚਲਿਆ ਨਾ ਜਾਵੇਗਾ, ਨਾ ਉਸ ਦੇ ਪੈਰਾਂ ਦੇ ਵਿੱਚੋਂ ਹਾਕਮ ਦਾ ਸੋਟਾ ਜਦ ਤੀਕ ਸ਼ਾਂਤੀ ਦਾਤਾ ਨਾ ਆਵੇ। ਅਤੇ ਲੋਕਾਂ ਦੀ ਆਗਿਆਕਾਰੀ ਉਸੇ ਦੀ ਹੋਵੇਗੀ'' (ਉਤਪਤ 49:10)। ਸ਼ੀਲੋਹ ਦੇ ਅਧੀਨ ਹੋਣ ਵਾਲੇ ''ਲੋਕ'' ਯਿਸੂ ਦੇ ਸੱਦੇ ਹੋਇਆਂ ਤੋਂ ਛੁੱਟ ਹੋਰ ਕੋਈ ਨਹੀਂ ਹਨ (ਮੱਤੀ 16:18, 19)।

## "ਸਮੂਏਲ ਅਤੇ ਉਸ ਦੇ ਉੱਤਰਾਧਿਕਾਰੀਆਂ" ਦੀਆਂ ਨਬੂਵਤਾਂ

### ਸਮੂਏਲ ਵੱਲੋਂ ਲਿਖੀ ਗਈ ਨਬੂਵਤ

ਰਸੂਲਾਂ ਦੇ ਕੰਮ 3:24 ਵਿਚ ਪਤਰਸ ਨੇ ਖ਼ਾਸ ਤੌਰ ਤੇ ਸਮੂਏਲ ਨੂੰ ਉਹ ਨਬੀ ਦੱਸਿਆ ਜਿਸ ਨੇ ਨਵੇਂ ਨੇਮ ਦੀ ਕਲੀਸੀਆ ਦੇ ''ਇਨ੍ਹਾਂ ਦਿਨਾਂ ਦੀ'' ਨਬੂਵਤ ਕੀਤੀ ਸੀ। 2 ਸਮੂਏਲ 7:16 ਵਿਚ ਕਲੀਸੀਆ ਨੂੰ ਇਕ ਘਰਾਣੇ ਅਤੇ ਰਾਜ ਦੇ ਦ੍ਰਿਸ਼ਟਾਂਤ ਦੇ ਰੂਪ ਵਿਚ ਵੇਖਿਆ ਗਿਆ ਸੀ। ਇਸ ਘਰਾਣੇ ਦਾ ਆਉਣਾ ਪੱਕਾ ਸੀ ਅਤੇ ਇਸ ਦਾ ਸਮਾਂ ਅਨਾਦੀਕਾਲ ਤਕ ਸੀ। ਨਬੂਵਤ ਦੇ ਪਿਛੋਕੜ ਦੀ ਰੌਸ਼ਨੀ ਵਿਚ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਨਵਾਂ ਨੇਮ ਕਲੀਸੀਆ ਦੇ ਵਰਣਨ ਲਈ ਘਰਾਣੇ ਅਤੇ ਰਾਜ ਦੋਹਾਂ ਦੀ ਵਰਤੋਂ ਕਰਦਾ ਹੈ (1 ਤਿਮੋਥਿਉਸ 3:15; ਮੱਤੀ 16:19)।

### ਦਾਊਦ ਦੀ ਨਬੂਵਤ

ਸਮੂਏਲ ਨੇ ਦਾਊਦ ਨੂੰ ਇਸਰਾਏਲ ਦੀ ਸ਼ਾਹੀ ਕਿਤਾਬ ਦੇ ਮੂਲ ਦੇ ਤੌਰ ਤੇ ਮਸਹ ਕੀਤਾ। ਖ਼ੁਦਾ ਨੇ ਦਾਊਦ ਨੂੰ ਨਵੇਂ ਨੇਮ ਦੇ ਸੱਦੇ ਹੋਏ ਲੋਕਾਂ ਬਾਰੇ ਬੇਹੱਦ ਅਹਿਮ ਪਹਿਲੂ ਦੀ ਨਬੂਵਤ ਕਰਨ ਲਈ ਨਬੀ ਬਣਾਇਆ (ਮਰਕੁਸ 2:30): ''ਤੇਰੇ ਲੋਕ ਤੇਰੀ ਭਗਤੀ ਦੇ ਵੇਲੇ ਆਪਣੇ ਆਪ ਨੂੰ ਖ਼ੁਸ਼ੀ ਦੇ ਨਾਲ ਪ੍ਰਵੇਸ਼ ਕਰਦੇ ਹਨ, ਪਵਿੱਤਰ ਸਜਾਵਟ ਨਾਲ ...'' (ਜ਼ਬੂਰ 110:3)। ਪਛਤਾਵਾ ਨਾ ਕਰਨ ਵਾਲੀਆਂ ਕੌਮਾਂ ਨੂੰ, ਕਿਆਮਤ ਵਾਲੇ ਦਿਨ ਮਸੀਹ ਦੇ ਕਹਿਰ ਦੇ ਡੰਡੇ ਨੂੰ ਝੱਲਣਾ ਪਵੇਗਾ (ਜ਼ਬੂਰ 2:9; ਪ੍ਰਕਾਸ਼ ਦੀ ਪੋਥੀ 19:15)। ਉਹਦੇ ਆਪਣੇ ਲੋਕ ਭਾਵ ਸੱਦੀ ਹੋਈ ਜਮਾਤ, ਪਵਿੱਤਰਤਾ ਦੀ ਖ਼ੂਬਸੂਰਤੀ ਵਿਚ ਆਪਣੀ ਮਰਜ਼ੀ ਨਾਲ ਉਹ ਉਸ ਦੀ ਸੇਵਾ ਕਰਨਗੇ।

### ਯਸਾਯਾਹ ਦੀ ਨਬੂਵਤ

ਪਿਛਲੇ ਕਿਸੇ ਵੀ ਨਬੀ ਨਾਲੋਂ ਵੱਧ ਸਾਫ਼ ਤੌਰ ਤੇ ਯਸਾਯਾਹ ਅੱਠ ਸਦੀਆਂ ਪਹਿਲਾਂ ਹੀ ਪ੍ਰਭੂ ਦੀ ਕਲੀਸੀਆ ਨੂੰ ਵੇਖ ਸਕਿਆ ਸੀ। ਉਸ ਨੇ ਨਵੇਂ ਨੇਮ ਦੀ ਇਸ ਸੰਸਥਾ ਨੂੰ ''ਯਹੋਵਾਹ ਦੇ ਭਵਨ ਦਾ ਪਰਬਤ'' (ਯਸਾਯਾਹ 2:2) ਨਾਂਅ ਦੇਣ ਦੀ ਇਜਾਜ਼ਤ ਮੰਗੀ ਸੀ, ਜਿਸ ਵਿਚ ਸਭ ਕੌਮਾਂ ਦੇ ਲੋਕਾਂ ਨੇ ਆਉਣਾ ਸੀ। ਫ਼ਿਰ ਸਾਨੂੰ ਇਹ ਸੁਭਾਵਕ ਲਗਦਾ ਹੈ ਕਿ ਨਵੇਂ ਨੇਮ ਦੇ ਲੇਖਕਾਂ ਨੇ ਨਬੂਵਤ ਦੀ ਭਾਸ਼ਾ ਵਿਚ ਕਲੀਸੀਆ ਨੂੰ ਇਕ ਪਹਾੜ ਅਤੇ ਇਕ ਘਰਾਣੇ ਦੇ ਰੂਪ ਵਿਚ ਵਿਖਾਇਆ। ਇਬਰਾਨੀਆਂ 12:22 ਕਹਿੰਦਾ ਹੈ, ''ਤੁਸੀਂ ਸਿਓਨ ਦੇ ਪਹਾੜ ਕੋਲ ਆਏ ਹੋ ਅਤੇ ਜੀਉਂਦੇ ਪਰਮੇਸ਼ੁਰ ਦੀ ਨਗਰੀ ਸੁਰਗੀ ਯਰੂਸ਼ਲਮ ਕੋਲ'' (ਵੇਖੋ ਇਬਰਾਨੀਆਂ 3:6)।

ਯਸਾਯਾਹ ਨੂੰ ਨਬੂਵਤ ਕਰਨ ਦਾ ਇਹ ਇਖ਼ਤਿਆਰ ਮਿਲਿਆ ਸੀ ਕਿ ਕਲੀਸੀਆ ਦੀ ਸ਼ੁਰੂਆਤ ਯਰੂਸ਼ਲਮ ਤੋਂ ਹੋਵੇਗੀ (ਯਸਾਯਾਹ 2:3)। ਇਸੇ ਦੇ ਮੁਤਾਬਿਕ ਯਿਸੂ ਨੇ ਰਸੂਲਾਂ ਨੂੰ ਹੁਕਮ ਦਿੱਤਾ ਸੀ ਕਿ ਜਦ ਤਕ ਉਨ੍ਹਾਂ ਨੂੰ ਉਸ ਦੇ ਨਾਂਅ ਵਿਚ ਪ੍ਰਚਾਰ ਕਰਨ ਦੀ ਸ਼ਕਤੀ ਨਾ ਮਿਲੇ ਤਦ ਤਕ ਉਹ

ਯਰੂਸ਼ਲਮ ਵਿਚ ਹੀ ਠਹਿਰੇ ਰਹਿਣ (ਲੂਕਾ 24:46–49)। ਇਸੇ ਤਰ੍ਹਾਂ ਇਸ ਨਬੂਵਤ ਨੂੰ ਪੂਰਾ ਕਰਦਿਆਂ ਹੋਇਆਂ ਅਕਾਸ਼ ਦੇ ਹੇਠਾਂ ਦੀ ਹਰ ਕੌਮ ਦੇ ਲੋਕਾਂ ਨੇ (ਰਸੂਲਾਂ ਦੇ ਕੰਮ 2:5) ਰਸੂਲਾਂ ਤੋਂ ਉਹ ਸੰਦੇਸ਼ ਸੁਣਿਆ ਜਿਸ ਨੂੰ ਸੁਣ ਕੇ ਲੋਕ ਕਲੀਸੀਆ ਦੇ ਮੈਂਬਰ ਬਣਦੇ ਹਨ, ਜਿਸ ਨੂੰ ਅਸੀਂ ਮਸੀਹ ਦੇ ਪ੍ਰਭੂ ਹੋਣ ਦੀ ਖੁਸ਼ਖ਼ਬਰੀ ਆਖਦੇ ਹਾਂ (ਰਸੂਲਾਂ ਦੇ ਕੰਮ 2:36)। ਨਤੀਜੇ ਵਜੋਂ ਤਿੰਨ ਹਜ਼ਾਰ ਲੋਕਾਂ ਨੂੰ ਇੱਕੋ ਹੀ ਦੇਹ ਭਾਵ ਕਲੀਸੀਆ ਵਿਚ ਬਪਤਿਸਮਾ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 2:41; ਵੇਖੋ 1 ਕੁਰਿੰਥੀਆਂ 12:13; ਕੁਲੁੱਸੀਆਂ 1:18)। ਕਲੀਸੀਆ ਦੇ ਉਨ੍ਹਾਂ ਲੋਕਾਂ ਉੱਤੇ ''ਦਾਊਦ ਦੀਆਂ ਸੱਚੀਆਂ ਦਿਆਲਗੀਆਂ ਦਾ ਨੇਮ'' ਵਰ੍ਹਾਇਆ ਗਿਆ ਸੀ (ਯਸਾਯਾਹ 55:3)। ਉਨ੍ਹਾਂ ਲੋਕਾਂ ਨੂੰ ਅਤੇ ਅੱਜ ਦੇ ਸਭ ਮਸੀਹੀ ਲੋਕਾਂ ਨੂੰ ਬੜੀਆਂ ਬਰਕਤਾਂ ਮਿਲੀਆਂ ਹਨ। ਪੁਰਾਣੇ ਜ਼ਮਾਨੇ ਤੋਂ ਹੀ ਲੋਕਾਂ ਨੇ ਅਜਿਹੀਆਂ ਬਰਕਤਾਂ ਬਾਰੇ ਨਾ ਤਾਂ ਸੁਣਿਆ ਅਤੇ ਨਾ ਹੀ ਵੇਖਿਆ ਸੀ ਅਤੇ ਨਾ ਕਦੇ ਕਲਪਨਾ ਕੀਤੀ ਸੀ (ਯਸਾਯਾਹ 64:4; ਵੇਖੋ 1 ਕੁਰਿੰਥੀਆਂ 2:9)। ਪਰ ਅੱਜ ਉਹ ਬਰਕਤਾਂ ਸਭ ਮਸੀਹੀ ਲੋਕਾਂ ਲਈ ਇਕ ਹਕੀਕਤ ਬਣ ਚੁੱਕੀਆਂ ਸਨ।

### ਯਿਰਮਿਯਾਹ ਦੀ ਨਬੂਵਤ

ਇਕ ਵੱਖਰੇ ਰੂਪਕ ਦੀ ਵਰਤੋਂ ਕਰਦਿਆਂ ਯਿਰਮਿਯਾਹ ਨੇ ਵੀ ਨਵੇਂ ਨੇਮ ਦੀ ਕਲੀਸੀਆ ਦੇ ਇਨ੍ਹਾਂ ਦਿਨਾਂ ਦੀ ਨਬੂਵਤ ਕੀਤੀ। ਪਵਿੱਤਰ ਆਤਮਾ ਨੇ ਉਸ ਨੂੰ ਇਕ ਰੂਪਕ ਦੀ ਪ੍ਰੇਰਣਾ ਦਿੱਤੀ ਕਿ ਦੁਨਿਆਵੀ ਇਸਰਾਏਲ ਅਤੇ ਯਹੂਦਾ ਨੂੰ ਮਿਸਰ ਵਿੱਚੋਂ ਨਿੱਕਲਣ ਵੇਲੇ ਖ਼ੁਦਾ ਵੱਲੋਂ ਇਕ ਨੇਮ ਮਿਲਿਆ। ਇਹ ਨੇਮ ਪੱਥਰ ਅਤੇ ਪੈਪਰੀ (papyri) ਉੱਤੇ ਲਿਖਿਆ ਗਿਆ ਸੀ, ਪਰ ਰੂਹਾਨੀ ਇਸਰਾਏਲ ਅਤੇ ਯਹੂਦਾ ਨੂੰ ਦਿਲਾਂ ਅਤੇ ਮਨਾਂ ਉੱਤੇ ਅੰਦਰ ਲਿਖਿਆ ਗਿਆ ਇਕ *ਨਵਾਂ* ਨੇਮ ਮਿਲਣਾ ਸੀ (ਯਿਰਮਿਯਾਹ 31:31–34; ਵੇਖੋ ਇਬਰਾਨੀਆਂ 8:6–13)। ਇਸ ਦੇ ਮੁਕੰਮਲ ਤੌਰ ਤੇ ਪੂਰਾ ਹੋਣ ਦੇ ਨਤੀਜੇ ਵਜੋਂ ਦਿਲ ਦੇ ਮਾਸ ਦੀਆਂ ਪੱਟੀਆਂ ਉੱਤੇ ਰਸੂਲਾਂ ਵੱਲੋਂ ਪਵਿੱਤਰ ਆਤਮਾ ਨਾਲ ਲਿਖੀ ਖ਼ੁਦਾ ਦੀ ਕਲੀਸੀਆ ਬਣੀ ਸੀ। 2 ਕੁਰਿੰਥੀਆਂ 3:3 ਵਿਚ ਪੌਲੁਸ ਨੇ ਮਸੀਹੀ ਲੋਕਾਂ ਨੂੰ ਦੱਸਿਆ, ''ਪਰਤੱਖ ਹੈ ਭਈ ਤੁਸੀਂ ਮਸੀਹ ਦੀ ਚਿੱਠੀ ਹੋ ਜਿਹੜੀ ਸਾਡੀ ਟਹਿਲ ਦੇ ਰਾਹੀਂ ਸਿਆਹੀ ਨਾਲ ਨਹੀਂ ਸਗੋਂ ਜੀਉਂਦੇ ਪਰਮੇਸ਼ੁਰ ਦੇ ਆਤਮਾ ਨਾਲ ਲਿਖੀ ਹੋਈ ਹੈ, ਪੱਥਰ ਦੀਆਂ ਪੱਟੀਆਂ ਉੱਤੇ ਨਹੀਂ ਸਗੋਂ ਮਾਸ ਰੂਪੀ ਹਿਰਦਿਆਂ ਦੀਆਂ ਪੱਟੀਆਂ ਉੱਤੇ।''

### ਦਾਨੀਏਲ ਦੀ ਨਬੂਵਤ

ਖ਼ੁਦਾ ਨੇ ਦਾਨੀਏਲ ਨਾਮਕ ਇਕ ਕੈਦੀ ਨੂੰ ਨਬੀ ਦੇ ਰੂਪ ਵਿਚ ਕਲੀਸੀਆ ਦੀ ਸਥਾਪਨਾ ਤੋਂ ਛੇ ਸਦੀਆਂ ਪਹਿਲਾਂ ਸਿਖਾਉਣ ਲਈ ਵਰਤਿਆ। ਦਾਨੀਏਲ ਨੇ ਰੋਮੀ ਰਾਜਿਆਂ ਦੇ ਸਮੇਂ ਨੂੰ ਮੁੱਖ ਬਿੰਦੂ ਬਣਾ ਕੇ ਵੱਡੀਆਂ ਬਾਦਸ਼ਾਹੀਆਂ ਦੇ ਉੱਠਣ ਅਤੇ ਡਿੱਗਣ ਬਾਰੇ ਦੱਸਿਆ। ਉਸ ਨੂੰ ਇਹ ਨਬੂਵਤ ਕਰਨ ਦੀ ਸਮਰਥਾ ਮਿਲੀ ਸੀ ਕਿ ਇਨ੍ਹਾਂ ਰਾਜਿਆਂ ਦੀ ਚੜ੍ਹਾਈ ਦੇ ਦੌਰਾਨ, ਸੁਰਗ ਦਾ ਖ਼ੁਦਾ ਇਕ ਰਾਜ ਖੜਾ ਕਰੇਗਾ ਜਿਹੜਾ ਮਨੁੱਖਾਂ ਦੇ ਹੱਥਾਂ ਨਾਲ ਬਣਾਇਆ ਹੋਇਆ ਨਹੀਂ ਬਲਕਿ ਹਮੇਸ਼ਾ ਤਕ ਰਹਿਣ ਵਾਲਾ ਹੋਵੇਗਾ (ਦਾਨੀਏਲ 2:44; ਇਬਰਾਨੀਆਂ 12:28)। ਉਸ ਰਾਜ ਦੇ ਲੋਕ ਨਵੇਂ ਨੇਮ ਦੀ ਕਲੀਸੀਆ ਹਨ (ਕੁਲੁੱਸੀਆਂ 1:1, 2, 13)।

### ਯੂਹੰਨਾ ਦੀ ਨਬੂਵਤ

30 ਈਸਵੀ ਵਿਚ ਕਲੀਸੀਆ ਦੇ ਕਾਇਮ ਹੋਣ ਤੋਂ ਫੌਰਨ ਪਹਿਲਾਂ ਖ਼ੁਦਾ ਨੇ ਯੂਹੰਨਾ ਨਾਂਅ ਦੇ

ਇਕ ਨਬੀ ਨੂੰ ਖੜ੍ਹਾ ਕੀਤਾ। ਉਸ ਦਾ ਕੰਮ ਲੋਕਾਂ ਨੂੰ ਆਗਾਹ ਕਰਨ, ਆਉਣ ਵਾਲੇ ਲੋਕਾਂ ਨੂੰ ਮਸੀਹ ਵਿਚ ਯਕੀਨ ਕਰਨ ਅਤੇ ਪਾਪਾਂ ਦੀ ਮਾਫ਼ੀ ਲਈ ਪਾਣੀ ਵਿਚ ਡੁਬਕੀ ਲਾਉਣ ਲਈ ਕਹਿ ਕੇ (ਮੱਤੀ 3:2; ਮਰਕੁਸ 1:4) ਉਨ੍ਹਾਂ ਨੂੰ ਪ੍ਰਭੂ ਲਈ ਤਿਆਰ ਕਰਨਾ ਸੀ (ਲੂਕਾ 1:17)। ਕੋਈ ਕਹਿ ਸਕਦਾ ਹੈ ਕਿ ਯੂਹੰਨਾ ਦੇ ਸਮੇਂ ਵਿਚ ਕਲੀਸੀਆ ਦਾ ਵਜੂਦ (ਤਿਆਰੀ ਵਿਚ) ਸੀ ਅਤੇ ਲੋਕ ਇਸ ਵਿਚ ਆ ਰਹੇ ਸਨ (ਲੂਕਾ 16:16)। ਪਰ ਹਕੀਕਤ ਵਿਚ ਯੂਹੰਨਾ ਦੇ ਸਮੇਂ ਕਲੀਸੀਆ ਦਾ ਵਜੂਦ ਨਹੀਂ ਸੀ ਅਤੇ ਉਸ ਨੂੰ ਆਪ ਵੀ ਇਸ ਦਾ ਮੈਂਬਰ ਬਣਨ ਦੀ ਖੁਸ਼ਕਿਸਮਤੀ ਨਸੀਬ ਨਹੀਂ ਹੋਈ ਸੀ (ਮੱਤੀ 11:11)। ਜਿਵੇਂ ਦਾਊਦ ਨੇ ਉਹ ਪੱਥਰ ਤਿਆਰ ਕੀਤੇ ਸਨ ਜਿਨ੍ਹਾਂ ਨਾਲ ਬਾਅਦ ਵਿਚ ਸੁਲੇਮਾਨ ਨੇ ਹੈਕਲ ਬਣਾਈ ਸੀ, ਉਵੇਂ ਹੀ ਯੂਹੰਨਾ ਨੇ ਰੂਹਾਨੀ ਪੱਥਰ ਤਿਆਰ ਕੀਤੇ ਜਿਨ੍ਹਾਂ ਨੂੰ ਮਸੀਹ ਨੇ ਆਪਣੀ ਹੈਕਲ ਭਾਵ ਕਲੀਸੀਆ ਵਿਚ ਲਾ ਦਿੱਤਾ।[2]

**ਸਮਾਂ ਪੂਰਾ ਹੋਣਾ**

ਸ਼ਰ੍ਹਾ ਅਤੇ ਨਬੀ ਯੂਹੰਨਾ ਦੇ ਸਮੇਂ ਤਕ ਅਸਲ ਦਾਸ ਸਨ (ਮੱਤੀ 11:13) ਅਤੇ ਉਨ੍ਹਾਂ ਦੇ ਬਾਅਦ ਦਾ ਚਰਣ ਭਾਵ ਯੋਜਨਾ ਕਰਨ ਦੇ ਯੁੱਗ ਦਾ ਪੂਰਾ ਹੋਣਾ ਆ ਗਿਆ ਜਿਸ ਵਿਚ ਖ਼ੁਦਾ ਦੇ ਰਾਜ, ਉਸ ਦੇ ਘਰਾਣੇ, ਉਸ ਦੇ ਪਰਬਤ, ਉਸ ਦੇ ਲੋਕਾਂ ਭਾਵ ਉਸ ਦੀ ਕਲੀਸੀਆ ਦੀ ਨੀਂਹ ਰੱਖੀ ਗਈ! ਸਮੂਏਲ ਤੋਂ ਲੈ ਕੇ ਮਲਾਕੀ ਤਕ ਸਭ ਨਬੀਆਂ ਵਾਂਗ ਪੁਰਾਣੇ ਨੇਮ ਤੋਂ ਅਸੀਂ ਵੀ ਦੰਗ ਹੁੰਦੇ ਹਾਂ ਜਿਸ ਵਿਚ ਕਲੀਸੀਆ ਦੇ ਆਉਣ ਨੂੰ ਖ਼ਾਸ ਤੌਰ ਤੇ ਵਿਖਾਇਆ ਗਿਆ ਹੈ! ''ਖ਼ੁਦਾ ਦੀ ਸਨਾਤਨ ਮਨਸ਼ਾ ਮੁਤਾਬਿਕ'' (ਅਫ਼ਸੀਆਂ 3:11)''ਜਦ ਸਮਾਂ ਪੂਰਾ ਹੋਇਆ'' (ਗਲਾਤੀਆਂ 4:4) ਤਾਂ ਅਣਲੱਭ ਗਿਆਨ ਦੇ ਪ੍ਰਭਾਵ ਦੀਆਂ ਡੂੰਘੀਆਂ ਗੱਲਾਂ ਮਨੁੱਖ ਦੇ ਦਿਲਾਂ ਨੂੰ ਪ੍ਰਭਾਵਿਤ ਕਰਦੀਆਂ ਗਈਆਂ

## ਸਾਰ

ਪ੍ਰਭੂ ਦੇ ਮਨ ਨੂੰ ਕਿਸ ਨੇ ਪਾਇਆ ਹੈ, ਇਹ ਕੌਣ ਹੈ ਜੋ ਇਸ ਨੂੰ ਸਲਾਹ ਦੇ ਸਕਦਾ ਹੈ? (ਵੇਖੋ ਰੋਮੀਆਂ 11:34)। ਆਪਣੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਰਾਹੀਂ ਅਸੀਂ ਸਭ ਉਸ ਦੇ, ਉਸ ਦੇ ਰਾਹੀਂ ਅਤੇ ਉਸ ਦੇ ਲਈ ਹਾਂ।

---

ਟਿੱਪਣੀਆਂ

[1]ਅੰਗ੍ਰੇਜ਼ੀ ਸ਼ਬਦ ''church'' ਮੱਧ ਅੰਗ੍ਰੇਜ਼ੀ ਸ਼ਬਦ ***chirche*** ਤੋਂ ਲਿਆ ਗਿਆ ਹੈ ਜੋ ਪੁਰਾਤਨ ਅੰਗ੍ਰੇਜ਼ੀ ਭਾਸ਼ਾ ਦੇ ***cyrice*** ਤੋਂ ਅਤੇ ਉਹ ਜਰਮਨ ਭਾਸ਼ਾ ਦੇ ***kirche*** ਤੋਂ, ਉਹ ਯੂਨਾਨੀ ਭਾਸ਼ਾ ਦੇ ***cyriacon*** ਤੋਂ ਲਿਆ ਗਿਆ ਹੈ ਜਿਸ ਤੋਂ ਭਾਵ ਹੈ ''ਨਾਲ ਸਬੰਧ ਰੱਖਣਾ।'' ਨਵੇਂ ਨੇਮ ਵਿਚ ***cyriacon*** ਸਿਰਫ਼ ਦੋ ਵਾਰ ਆਉਂਦਾ ਹੈ: ਪਹਿਲੀ ਵਾਰ ਪ੍ਰਭੂ ਭੋਜ ਦੇ ਸਬੰਧ ਵਿਚ (1 ਕੁਰਿੰਥੀਆਂ 11:20) ਅਤੇ ਦੂਜੀ ਵਾਰ ਪ੍ਰਭੂ ਦੇ ਦਿਨ ਦੇ ਸਬੰਧ ਵਿਚ (ਪ੍ਰਕਾਸ਼ ਦੀ ਪੋਥੀ 1:10)। ਬਾਅਦ ਵਿਚ ਇਸ ਸ਼ਬਦ ਦੀ ਵਰਤੋਂ ਖ਼ੁਦਾ ਦੇ ਘਰ ਵਿਚ ਹੋਣ ਲੱਗ ਪਈ। ਇਸ ਕਰਕੇ ਅੰਗ੍ਰੇਜ਼ੀ ਸ਼ਬਦ ''ਚਰਚ'' ਦਾ ਮਤਲਬ ''ਖ਼ੁਦਾ ਦਾ ਘਰ'' ਹੈ। ਆਪਣੇ ਲੋਕਾਂ ਭਾਵ ਉਨ੍ਹਾਂ ਲਈ ਜਿਨ੍ਹਾਂ ਦੀ ਨਬੂਵਤ ਨਬੀਆਂ ਅਤੇ ਯੂਹੰਨਾ ਨੇ ਕੀਤੀ ਸੀ, ਯਿਸੂ ਨੇ *ਏਕਲੇਸੀਆ* ਸ਼ਬਦ ਦੀ ਵਰਤੋਂ ਕੀਤੀ ਜਿਸ ਦਾ ਮਤਲਬ ਹੈ ''ਸੱਦੇ ਹੋਏ ਲੋਕ।'' ਇਸ ਕਰਕੇ ਸਾਰੇ ਸੰਸਾਰ ਦੇ ਲੋਕ ਜਿਨ੍ਹਾਂ ਨੇ ਯਿਸੂ ਵੱਲੋਂ ਸੱਦੇ ਜਾਣ ਦੀ ਪੁਕਾਰ ਨੂੰ ਮੰਨ ਕੇ ਅਸ਼ੁੱਧ ਵਸਤਾਂ ਤੋਂ ਹਰ ਗੱਲ ਵਿਚ ਉਸ ਦੇ ਪ੍ਰਭੂ ਹੋਣ ਨੂੰ, ਮੰਨ ਲਿਆ ਹੈ, ਉਹ ਉਸ ਦੀ *ਏਕਲੇਸੀਆ* ਹਨ। ਉਸ ਦੇ ਸੱਦੇ ਹੋਏ ਇਹ ਲੋਕ ਉਸ ਦੀ ਕਲੀਸੀਆ ਜਾਂ ਚਰਚ ਹੀ ਹਨ। [2]ਕਿਤੇ ਵੀ ਇਹ ਨਹੀਂ ਮਿਲਦਾ ਕਿ ਯੂਹੰਨਾ ਦੇ ਹੱਥੋਂ ਬਪਤਿਸਮਾ ਲੈਣ ਵਾਲੇ ਨੂੰ ਦੁਬਾਰਾ ਬਪਤਿਸਮਾ ਲੈਣ ਦੀ ਲੋੜ ਪਈ

ਹੋਵੇ। ਅਜਿਹੀ ਸ਼ਰਤ ਦਾ ਮਤਲਬ ਇਹ ਹੋਵੇਗਾ ਕਿ ਯੂਹੰਨਾ ਨੇ ਆਪਣੇ ਉਸ ਕੰਮ ਨੂੰ ਜਿਹੜਾ ਉਸ ਨੂੰ ਪ੍ਰਭੂ ਦੇ ਲੋਕਾਂ ਨੂੰ ਤਿਆਰ ਕਰਨ ਦਾ ਮਿਲਿਆ ਸੀ, ਸਹੀ ਢੰਗ ਨਾਲ ਨਹੀਂ ਕੀਤਾ (ਲੂਕਾ 1: 17)। ਕਿਉਂਕਿ ਜੇ ਇਸ ਦੀ ਲੋੜ ਹੁੰਦੀ ਤਾਂ ਪੈਂਟੀਕਾਸਟ ਵਾਲੇ ਦਿਨ ਪਤਰਸ ਵੀ ਦੂਜੀ ਵਾਰ ਬਪਤਿਸਮਾ ਲੈਣ ਵਾਸਤੇ ਤਿਆਰ ਹੁੰਦਾ। ਇਹ ਸੱਚ ਹੈ ਕਿ ਅਫ਼ਸੁਸ ਵਿਚ 24 ਸਾਲ ਬਾਅਦ, ਕੋਈ (ਸ਼ਾਇਦ ਅਪੁੱਲੋਸ) ਅਜੇ ਵੀ ਮਸੀਹ ਦੇ ਆਉਣ ਬਾਰੇ ਸਲੀਬ ਦਿੱਤੇ ਜਾਣ ਬਾਰੇ ਯੂਹੰਨਾ ਦਾ ਤਿਆਰੀ ਦਾ ਸੰਦੇਸ਼ ਦੇ ਰਿਹਾ ਸੀ ਅਤੇ ਉਸ ਨੇ ਘੱਟੋ–ਘੱਟ ਬਾਰਾਂ ਜਣਿਆਂ ਨੂੰ ਬਪਤਿਸਮਾ ਵੀ ਦੇ ਦਿੱਤਾ ਸੀ (ਰਸੂਲਾਂ ਦੇ ਕੰਮ 19: 1–4)। ਇਨ੍ਹਾਂ ਲੋਕਾਂ ਨੇ 54 ਈਸਵੀ ਵਿਚ ਇਹ ਨਾ ਜਾਣਦਿਆਂ ਕਿ ਮਸੀਹਾ ਤਾਂ ਆ ਚੁੱਕਾ ਹੈ ਅਤੇ 30 ਈਸਵੀ ਵਿਚ ਉਨ੍ਹਾਂ ਵਾਸਤੇ ਮਰ ਗਿਆ ਸੀ, ਅਣਜਾਣੇ ਵਿਚ ਬਪਤਿਸਮਾ ਲਿਆ ਸੀ। ਨਤੀਜੇ ਵਜੋਂ ਸੱਚਾਈ ਜਾਣ ਲੈਣ ਤੇ ਉਨ੍ਹਾਂ ਲਈ ਇਹ ਜ਼ਰੂਰੀ ਸੀ ਕਿ ਉਹ ਦੁਬਾਰਾ ਤੋਂ ਬਪਤਿਸਮਾ ਲੈਣ। ਅਜਿਹਾ ਕੋਈ ਸੰਕੇਤ ਨਹੀਂ ਹੈ ਕਿ 30 ਈਸਵੀ ਤੋਂ ਪਹਿਲਾਂ ਬਪਤਿਸਮਾ ਲੈਣ ਵਾਲੇ ਕਿਸੇ ਨੇ ਦੁਬਾਰਾ ਬਪਤਿਸਮਾ ਲਿਆ ਹੋਵੇ।